# ਸ਼ੇਖ ਫ਼ਰੀਦ - ਸਬਦ ੬੧

## ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਾਲਿ ਜਿਥੈ ਹੀ ਤਉ ਵੰਞਣਾ ॥੫੮॥

ਸਾਰ: ਭਾਵੇਂ ਜ਼ਿੰਦਗੀ ਸੁਰੱਖਿਅਤ ਮਹਿਸੂਸ ਹੋਵੇ, ਪਰ ਸਾਨੂੰ ਇਹ ਸਵਿਕਾਰਨਾ ਚਾਹੀਦਾ ਹੈ ਕਿ ਅਸਥਿਰਤਾ ਹਮੇਸ਼ਾਂ ਮੌਜੂਦ ਰਹਿੰਦੀ ਹੈ। ਭਾਵੇਂ ਸਫ਼ਲਤਾ, ਸਾਨੂੰ ਸਥਿਰਤਾ ਦੇ ਨਿਰੰਤਰ ਬਣੇ ਰਹਿਣ ਦਾ ਅਹਿਸਾਸ ਕਰਵਾਉਂਦੀ ਹੈ, ਪਰ ਇਸ ਦੇ ਅੰਦਰ ਵੀ ਸਭ ਕੁਝ ਲਗਾਤਾਰ ਬਦਲ ਰਿਹਾ ਹੁੰਦਾ ਹੈ। ਇਸ ਸੱਚ ਨੂੰ ਸਵੀਕਾਰ ਕਰਨ ਨਾਲ ਡਰ ਦੀ ਭਾਵਨਾ ਘੱਟਦੀ ਹੈ ਅਤੇ ਸਾਡੇ ਅਨੁਭਵਾਂ ਵਿਚ ਸਪਸ਼ਟਤਾ ਅਤੇ ਗੂੜ੍ਹਤਾ ਦਾ ਵਾਸ ਹੁੰਦਾ ਹੈ। ਜਦੋਂ ਅਸੀਂ ਮੋਹ ਦਾ ਤਿਆਗ ਕਰਦੇ ਹੋਏ ਸਦਭਾਵਨਾ ਪੂਰਨ ਜੀਵਨ ਨਾਲ ਜੁੜਦੇ ਹਾਂ, ਤਦੋਂ ਅਸੀਂ ਜੋ ਕੁਝ ਵੀ ਜੀਵਨ ਵਿਚ ਹੈ ਉਸਦੀ ਸ਼ੁਕਰਾਨੇ ਵੱਜੋਂ ਕਦਰ ਕਰਦੇ ਹਾਂ, ਨਾ ਕਿ ਉਨ੍ਹਾਂ ਵਸਤਾਂ ਨੂੰ ਸਧਾਰਨ ਸਮਝ, ਨਜ਼ਰਅੰਦਾਜ਼ ਕਰਦੇ ਹਾਂ। ਇਸ ਸੂਝ ਨਾਲ ਜੀਵਨ ਅਮੀਰੀਅਤ ਭਰਪੂਰ ਅਨੁਭਵ ਬਣ ਜਾਂਦਾ ਹੈ, ਸੁਹਿਰਦਤਾ ਨਾਲ ਸੰਭਾਲਿਆ ਅਤੇ ਜ਼ਿੰਦਾ-ਦਿਲੀ ਨਾਲ ਜੀਵਿਆ।

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਫਰੀਦ ਕਹਿੰਦੇ ਹਨ ਕਿ ਆਪਣੀ ਚੇਤਨਾ ਨੂੰ ਮਹਿਲ-ਮਾੜੀਆਂ ਅਤੇ ਧਨ-ਸੰਪਦਾ ਨਾਲ ਨਾ ਜੋੜੋ; ਇਸ ਦੀ ਬਜਾਏ ਮੌਤ ਦੀ ਅਟਲਤਾ ਨੂੰ ਪੂਰੀ ਤਨਦੇਹੀ ਨਾਲ ਆਪਣੀ ਸੁਰਤ ਵਿਚ ਵਸਾਓ। ਇਹ ਭਾਵ ਇਸ ਤੱਥ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ ਕਿ ਜਦੋਂ ਬਾਹਰੀ ਜੀਵਨ ਸਥਿਰ ਦਿਖਾਈ ਦੇਵੇ, ਤਦ ਵੀ ਅਸਥਿਰਤਾ ਨੂੰ ਸਮਝਣਾ ਜ਼ਰੂਰੀ ਹੈ।

ਸਾਈ ਜਾਇ ਸਮ੍ਾਲਿ ਜਿਥੈ ਹੀ ਤਉ ਵੰਞਣਾ ॥੫੮॥
ਜਿਸ ਅਵਸਥਾ ਤੱਕ ਆਖਿਰ ਪਹੁੰਚਣਾ ਹੈ, ਉਸ ਨੂੰ ਆਪਣੇ ਅੰਦਰ ਵਿਕਸਤ ਕਰਦੇ ਹੋਏ ਬਣਾਈ ਰੱਖੋ। ਇਹ ਭਾਵ ਸਾਡੇ ਅੰਤਹਕਰਣ ਨੂੰ ਚੇਤਨਾ ਵੱਲ ਸੇਧਿਤ ਕਰਦਾ ਹੈ, ਜੋ ਸਾਡੀ ਅਸਲ ਮੰਜ਼ਿਲ ਹੈ, ਇਹ ਭਾਵ ਸਾਨੂੰ ਯਾਦ ਵੀ ਦਿਵਾਉਂਦਾ ਹੈ ਕਿ ਭੌਤਿਕ ਯਾਤਰਾ ਅਸਥਾਈ ਹੁੰਦੀ ਹੈ। (੫੮)

ਤੱਤ: ਸ਼ੇਖ ਫ਼ਰੀਦ ਦਰਸਾਉਂਦੇ ਹਨ ਕਿ ਜਦੋਂ ਅਸੀਂ ਆਪਣਾ ਧਿਆਨ ਅੰਦਰ ਵੱਲ ਮੋੜਦੇ ਹਾਂ, ਤਾਂ ਅਸੀਂ ਇਕ ਅਜਿਹੇ ਆਧਾਰ ਨੂੰ ਮਹਿਸੂਸ ਕਰਨਾ ਸ਼ੁਰੂ ਕਰਦੇ ਹਾਂ ਜੋ ਦਰਜੇ, ਭੂਮਿਕਾਵਾਂ ਜਾਂ ਭੌਤਿਕ ਵਸਤਾਂ 'ਤੇ ਨਿਰਭਰ ਨਹੀਂ ਹੁੰਦਾ। ਇਸ ਜਾਗਰੂਕਤਾ ਵਿਚ ਸਥਿਰਤਾ ਅਤੇ ਸਪਸ਼ਟਤਾ ਪੈਦਾ ਹੁੰਦੀ ਹੈ, ਜਿਥੋਂ ਵਿਚਾਰਾਂ ਦਾ ਉਦਭਵ, ਅਨੁਭਵ ਅਤੇ ਚਿੰਤਨ ਕਰਨ ਲਈ ਹੁੰਦਾ ਹੈ। ਇਹ ਆਤਮ ਪੜਚੋਲ ਰੁਪਾਂਤ੍ਰਣ ਸਾਨੂੰ ਬਾਹਰੀ ਉਪਲਬਧੀਆਂ ਦੀ ਅਸਥਿਰਤਾ ਬਾਰੇ ਸਮਝਾਉਂਦਾ ਹੈ। ਭਾਵੇਂ ਇਹ ਉਪਲਬਧੀਆਂ ਆਪਣੀ ਥਾਂ ਮਹੱਤਵਪੂਰਨ ਹਨ, ਪਰ ਉਹਨਾਂ ਦੀ ਪਕੜ ਹੌਲੀ-ਹੌਲੀ ਢਿੱਲੀ ਪੈ ਜਾਂਦੀ ਹੈ, ਜਿਸ ਨਾਲ ਅੰਤਰੀਵੀ ਆਧਾਰ ਹੀ ਪ੍ਰਸੰਗਿਕ ਅਤੇ ਸੰਪੂਰਨ ਲੱਗਦਾ ਰਹਿੰਦਾ ਹੈ।

---


ਪਹਿਲਕਦਮੀ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**